# ਮੁੱਖ ਬਿੰਦੂ

- ਜਨਮ ਅਤੇ ਬਚਪਨ
- ਬੈਰਾਗੀ ਬਣ ਜਾਣਾ
- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮੁਲਾਕਾਤ
- ਬੰਦਾ ਬਹਾਦਰ ਬਣ ਜਾਣਾ
- ਬੰਦਾ ਬਹਾਦਰ ਦਾ ਪੰਜਾਬ ਵੱਲ ਆਉਣਾ
- ਗੁਰੂ ਜੀ ਦੁਆਰਾ ਬੰਦਾ ਬਹਾਦਰ ਨੂੰ ਦਿੱਤੇ ਪੰਜ ਹੁਕਮ
- ਬੰਦਾ ਬਹਾਦਰ ਦੀਆ ਜਿੱਤਾਂ
- ਬੰਦਾ ਬਹਾਦਰ ਦੀ ਸ਼ਹੀਦੀ



# ਜਨਮ ਅਤੇ ਬਚਪਨ

- ਬੰਦਾ ਬਹਾਦਰ ਬਚਪਨ ਦਾ ਨਾਮ ਲਛਮਣ ਦਾਸ ਸੀ ਅਤੇ ਉਸਦੀ ਜਾਤੀ ਡੋਗਰਾ ਰਾਜਪੂਤ ਸੀ ।
- ਬੰਦਾ ਬਹਾਦਰ ਦਾ ਜਨਮ 27 ਅਕਤੂਬਰ, 1670 ਈ: ਨੂੰ ਕਸ਼ਮੀਰ ਦੇ ਜਿਲ੍ਹਾ ਪੁੰਛ ਦੇ ਰਾਜੌਰੀ ਨਾਂ ਦੇ ਪਿੰਡ ਵਿੱਚ ਹੋਇਆ ਸੀ ।
- ਬੰਦਾ ਬਹਾਦਰ ਦੇ ਪਿਤਾ ਕਿਸਾਨ ਸਨ ਅਤੇ ਬੰਦਾ ਬਹਾਦਰ ਆਪ ਵੀ ਪੜ੍ਹਾਈ ਵੱਲ ਵੱਧ ਧਿਆਨ ਨਾ ਦੇ ਕੇ ਖੇਤੀਬਾੜੀ ਵੱਲ ਵੱਧ ਲੱਗਾ ਰਹਿੰਦਾ ਸੀ ।
- ਇਸ ਤੋ ਇਲਾਵਾ ਬੰਦਾ ਸਿੰਘ ਬਹਾਦਰ ਜੰਗਲ ਵਿੱਚ ਸ਼ਿਕਾਰ ਕਰਨ ਵੀ ਜਾਂਦਾ ਸੀ ।



# ਬੈਰਾਗੀ ਬਣਨਾ



- ਜਦੋਂ ਬੰਦਾ ਸਿੰਘ 15 ਸਾਲ ਦਾ ਸੀ ਤਾਂ ਇੱਕ ਅਜਿਹੀ ਘਟਨਾ ਵਾਪਰੀ ਕਿ ਜਿਸ ਨੇ ਉਸਦਾ ਜੀਵਨ ਜੀਣ ਦਾ ਢੰਗ ਹੀ ਬਦਲ ਕੇ ਰੱਖ ਦਿੱਤਾ ।
- ਉਸਨੇ ਇੱਕ ਦਿਨ ਜੰਗਲ ਦੇ ਵਿੱਚ ਸ਼ਿਕਾਰ ਕਰਨ ਸਮੇਂ ਇੱਕ ਗਰਭਵਤੀ ਹਿਰਨੀ ਨੂੰ ਤੀਰ ਮਾਰ ਦਿੱਤਾ ।
- ਬੰਦਾ ਬਹਾਦਰ ਦੇ ਅੱਖਾਂ ਦੇ ਸਾਹਮਣੇ ਹੀ ਉਹ ਹਿਰਨੀ ਅਤੇ ਉਸਦਾ ਬੱਚਾ ਤੜਫ-ਤੜਫ ਕੇ ਮਰ ਗਏ ।
- ਇਸ ਦਰਦਨਾਕ ਘਟਨਾ ਨੇ ਬੰਦਾ ਬਹਾਦਰ ਦੇ ਦਿਲ ਨੂੰ ਝਿੰਜੋੜ ਕੇ ਰੱਖ ਦਿੱਤਾ, ਓਸਦੇ ਦਿਲ ਵਿੱਚ ਬੈਰਾਗ ਦੀ ਭਾਵਨਾ ਪੈਦਾ ਹੋ ਗਈ ।
- ਉਸਨੇ ਘਰ-ਬਾਰ ਤਿਆਗ ਦਿੱਤਾ ਅਤੇ ਆਪਣਾ ਨਾਮ ਮਾਧੋਦਾਸ ਰੱਖ ਲਿਆ ।
- ਉਹ ਨਾਸਿਕ ਵਿੱਚ ਅਘੌੜ ਨਾਥ ਦਾ ਚੇਲਾ ਬਣ ਗਿਆ ।

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਮ ਮੁਲਾਕਾਤ

- ਅਘੌੜ ਨਾਥ ਦੀ ਮੌਤ ਤੋ ਬਾਅਦ ਮਾਧੋਦਾਸ ਨੰਦੇੜ ਵਿੱਚ ਆਪਣਾ ਡੇਰਾ ਬਣਾ ਲਿਆ ਸੀ ।
- ਗੁਰੂ ਗੋਬਿੰਦ ਸਿੰਘ ਜੀ ਵੀ 1708 ਈ: ਵਿੱਚ ਨੰਦੇੜ ਗਏ ਅਤੇ ਉਹ ਮਾਧੋਦਾਸ ਦੇ ਡੇਰੇ ਵਿੱਚ ਪਹੁੰਚੇ , ਮਾਧੋਦਾਸ ਦੇ ਕਿਸੇ ਵੀ ਤੰਤਰ-ਮੰਤਰ ਦਾ ਗੁਰੂ ਗੋਬਿੰਦ ਸਿੰਘ ਜੀ ਤੇ ਕੋਈ ਅਸਰ ਨਹੀਂ ਹੋਇਆ ।
- ਇਸ ਸਭ ਨੂੰ ਵੇਖ ਕੇ ਮਾਧੋਦਾਸ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਉਹ ਗੁਰੂ ਦਾ ਬੰਦਾ ਹੈ ।
- ਗੁਰੂ ਸਾਹਿਬ ਨੇ ਉਸਨੂੰ ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ ਅਤੇ ਉਸਨੂੰ ਬੰਦਾ ਬਹਾਦਰ ਦਾ ਨਾਮ ਦਿੱਤਾ ।



# ਬੰਦਾ ਬਹਾਦਰ ਦਾ ਪੰਜਾਬ ਵੱਲ ਆਉਣਾ

- ਗੁਰੂ ਗੋਬਿੰਦ ਸਿੰਘ ਜੀ ਬੰਦਾ ਬਹਾਦਰ ਦੀ ਯੋਗਤਾ ਅਤੇ ਧਰਮ ਦੀ ਭਾਵਨਾ ਤੋ ਬਹੁਤ ਪ੍ਰਭਾਵਿਤ ਹੋਏ ।
- ਗੁਰੂ ਜੀ ਨੇ ਬੰਦਾ ਬਹਾਦਰ ਨੂੰ ਜੁਲਮ ਨਾਲ ਟਾਕਰਾ ਲੈਣ ਲਈ ਪ੍ਰੇਰਿਤ ਕੀਤਾ ਅਤੇ ਉਸਨੂੰ ਤਲਵਾਰ, ਧਨੁੱਸ਼, ਤਰਕਸ਼ ਦੇ ਪੰਜ ਤੀਰ, ਨਗਾਰਾ ਅਤੇ ਝੰਡਾ ਦਿੱਤਾ ।
- ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਬ ਦੇ ਪ੍ਰਮੁੱਖ ਸਿੱਖਾ ਦੇ ਨਾਮ ਹੁਕਮਨਾਮੇ ਲਿਖੇ ਤਾਂ ਕਿ ਉਹ ਮੁਗਲ- ਸਿੱਖ ਸੰਘਰਸ਼ ਵਿੱਚ ਬੰਦਾ ਬਹਾਦਰ ਦਾ ਸਾਥ ਦੇਣ ।
- ਗੁਰੂ ਜੀ ਦੇ ਦੁਆਰਾ ਪੰਜ ਪਿਆਰੇ ਬੰਦਾ ਬਹਾਦਰ ਦੀ ਸਹਾਇਤਾ ਲਈ ਨਿਯੁਕਤ ਕੀਤੇ ਜਾਂਦੇ ਹਨ - ਭਾਈ ਵਿਨੋਦ ਸਿੰਘ, ਭਾਈ ਕਾਹਨ ਸਿੰਘ, ਭਾਈ ਬਾਜ ਸਿੰਘ, ਭਾਈ ਦਇਆ ਸਿੰਘ ਅਤੇ ਭਾਈ ਰਣ ਸਿੰਘ ।



# ਗੁਰੂ ਜੀ ਦੁਆਰਾ ਦਿੱਤੇ ਪੰਜ ਹੁਕਮ

- ਗੁਰੂ ਸਾਹਿਬ ਦੇ ਦੁਆਰਾ ਬੰਦਾ ਬਹਾਦਰ ਨੂੰ ਪੰਜਾਬ ਵੱਲ ਵਧਣ ਸਮੇਂ 5 ਹੁਕਮ ਦਿੱਤੇ ਜਾਂਦੇ ਹਨ , ਗੁਰੂ ਜੀ ਦੇ ਅਨੁਸਾਰ ਜੇਕਰ ਬੰਦਾ ਬਹਾਦਰ ਇਨ੍ਹਾਂ ਹੁਕਮਾਂ ਦਾ ਪਾਲਣ ਕਰੇਗਾ ਤਾਂ ਉਸਨੂੰ ਆਪਣੀ ਜਿੰਦਗੀ ਵਿੱਚ ਕੋਈ ਮੁਸ਼ਕਿਲ ਨਹੀਂ ਆਵੇਗੀ ।ਇਹ ਹੁਕਮ ਸਨ -

1. ਪਵਿੱਤਰ ਅਤੇ ਬ੍ਰਹਮਚਾਰੀ ਜੀਵਨ ਦੀ ਪਾਲਣਾ ਕਰਨਾ ।
2. ਮਨ, ਬਚਨ ਅਤੇ ਕਰਮ ਨਾਲ ਸੱਚ ਦਾ ਪਾਲਣ ਕਰਨਾ ।
3. ਆਪਣੇ ਆਪ ਨੂੰ ਖਾਲਸਾ ਪੰਥ ਦਾ ਸੇਵਕ ਸਮਝਣਾ ।
4. ਆਪਣਾ ਕੋਈ ਸੰਪਰਦਾਏ ਨਾ ਚਲਾਉਣਾ ।
5. ਯੁੱਧ ਵਿੱਚ ਜਿੱਤ ਪ੍ਰਾਪਤ ਕਰਕੇ ਹੰਕਾਰੀ ਨਾ ਬਣਨਾ ।



- ਬੰਦਾ ਸਿੰਘ ਬਹਾਦਰ ਅਕਤੂਬਰ 1708 ਈ: ਨੂੰ ਪੰਜਾਬ ਵੱਲ ਚੱਲ ਪਿਆ ।

# ਬੰਦਾ ਬਹਾਦਰ ਦੀਆ ਸੈਨਿਕ ਸਫਲਤਾਵਾਂ

- ਦਿੱਲੀ ਪਹੁੰਚ ਕੇ ਬੰਦਾ ਸਿੰਘ ਬਹਾਦਰ ਨੇ ਪ੍ਰਮੁੱਖ ਸਿੱਖਾਂ ਨੂੰ ਗੁਰੂ ਜੀ ਦੁਆਰਾ ਦਿੱਤੇ ਹੁਕਮਨਾਮੇ ਭੇਜ ਦਿੱਤੇ । ਜਲਦੀ ਹੀ ਹਜਾਰਾਂ ਦੀ ਗਿਣਤੀ ਵਿੱਚ ਸਿੱਖ ਬੰਦਾ ਸਿੰਘ ਬਹਾਦਰ ਦੇ ਝੰਡੇ ਹੇਠ ਮੁਗਲਾਂ ਦੇ ਖਿਲਾਫ ਲੜਣ ਲਈ ਤਿਆਰ ਹੋ ਗਏ ।



**1. ਸੋਨੀਪਤ ਅਤੇ ਕੈਥਲ ਤੇ ਹਮਲਾ 1708 ਈ: -** ਸਭ ਤੋ ਪਹਿਲਾ ਬੰਦਾ ਸਿੰਘ ਬਹਾਦਰ ਨੇ ਸੋਨੀਪਤ ਤੇ 1708 ਈ: ਵਿੱਚ ਹਮਲਾ ਕੀਤਾ ।ਇੱਥੇ ਦੇ ਸ਼ਾਸਕ ਨੇ ਬਿਨ੍ਹਾਂ ਲੜੇ ਹੀ ਹਾਰ ਮੰਨ ਲਈ ਅਤੇ ਭੱਜ ਗਿਆ ।

- ਸੋਨੀਪਤ ਨੇ ਸਿੱਖਾਂ ਦੁਆਰਾ ਅਸਾਨੀ ਨਾਲ ਕਬਜਾ ਕਰ ਲਿਆ ਗਿਆ ।
- ਫਿਰ ਸਿੱਖ ਸੈਨਾ ਕੈਥਲ ਵੱਲ ਅੱਗੇ ਵਧੀ ਅਤੇ ਇੱਥੇ ਵੀ ਉਨ੍ਹਾਂ ਨੂੰ ਜਿੱਤ ਪ੍ਰਾਪਤ ਹੋਈ ।ਸਿੱਖਾਂ ਨੇ ਕੈਥਲ ਤੇ ਵੀ ਕਬਜਾ ਕਰ ਲਿਆ ।

# ਬੰਦਾ ਬਹਾਦਰ ਦੀਆ ਸੈਨਿਕ ਸਫਲਤਾਵਾਂ

**2. ਸਮਾਣਾ ਦੀ ਜਿੱਤ 1709 ਈ: -** ਬੰਦਾ ਬਹਾਦਰ ਦੀ ਸੈਨਾ ਦੁਆਰਾ 26 ਨਵੰਬਰ 1709 ਈ: ਵਿੱਚ ਹਮਲਾ ਕੀਤਾ ।

- ਇਸ ਸ਼ਹਿਰ ਵਿੱਚ ਸਿੱਖਾਂ ਦੇ ਤਿੰਨ ਕਾਲਤ ਰਹਿੰਦੇ ਸਨ - ਸੱਯਦ ਜਲਾਲੁਦੀਨ, ਸ਼ਾਸਲ ਬੇਗ, ਬਾਸ਼ਲ ਬੇਗ ।
- ਜਲਾਲੁਦੀਨ ਨਾਂ ਦੇ ਜੱਲਾਦ ਨੇ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਵਿੱਚ ਸ਼ਹੀਦ ਕੀਤਾ ਸੀ । ਸ਼ਾਸਲ ਬਾਗ ਤੇ ਬਾਸ਼ਲ ਬੇਗ ਨੇ ਛੋਟੇ ਸਾਹਿਬਜਾਦਿਆਂ ਨੂੰ ਕੰਧ ਵਿੱਚ ਜਿੰਦਾ ਚਿਣ ਕੇ ਸ਼ਹੀਦ ਕਰ ਦਿੱਤਾ ਸੀ ।
- ਇਸ ਸ਼ਹਿਰ ਤੇ ਹਮਲਾ ਕਰਕੇ ਸਿੱਖਾਂ ਨੇ ਲਗਭਗ 10,000 ਮੁਸਲਮਾਨਾਂ ਨੂੰ ਕਤਲ ਕਰ ਦਿੱਤਾ ।
- ਬੰਦਾ ਸਿੰਘ ਬਹਾਦਰ ਨੇ ਭਾਈ ਫਤਿਹ ਸਿੰਘ ਨੂੰ ਸਮਾਣਾ ਦਾ ਫੌਜਦਾਰ ਨਿਯੁਕਤ ਕੀਤਾ ।



# ਬੰਦਾ ਬਹਾਦਰ ਦੀਆ ਸੈਨਿਕ ਸਫਲਤਾਵਾਂ

- ਸਢੌਰਾ ਤੇ ਕਬਜਾ - ਸਮਾਣਾ ਦੀ ਜਿੱਤ ਤੋ ਬਾਅਦ ਬੰਦਾ ਸਿੰਘ ਬਹਾਦਰ ਨੂੰ ਖਬਰ ਮਿਲੀ ਕਿ ਸਢੌਰਾ ਦਾ ਫੌਜਦਾਰ ਉਸਮਾਨ ਖਾਂ ਹਿੰਦੂਆਂ ਤੇ ਬਹੁਤ ਜ਼ੁਲਮ ਕਰਦਾ ਹੈ।
- ਉਹ ਹਿੰਦੂਆਂ ਦੇ ਧਾਰਮਿਕ ਰੀਤੀ-ਰਿਵਾਜ ਅਤੇ ਮ੍ਰਿਤਕਾਂ ਦਾ ਸੰਸਕਾਰ ਕਰਨ ਦੀ ਆਗਿਆ ਨਹੀਂ ਦਿੰਦਾ ਸੀ, ਉਹ ਹਿੰਦੂਆਂ ਦੇ ਘਰਾਂ ਦੇ ਸਾਹਮਣੇ ਗਊਆਂ ਦਾ ਕਤਲ ਕਰਕੇ ਸੁੱਟ ਦਿੰਦਾ ਸੀ ।
- ਇਸ ਫੌਜਦਾਰ ਨੂੰ ਸਬਕ ਸਿਖਾਉਣ ਲਈ ਬੰਦਾ ਸਿੰਘ ਬਹਾਦਰ ਨੇ ਆਪਣੀ ਫੌਜ ਨਾਲ ਸਢੌਰਾ ਤੇ ਹਮਲਾ ਕਰ ਦਿੱਤਾ ਅਤੇ ਹਜਾਰਾਂ ਮੁਲਮਾਨਾਂ ਦਾ ਕਤਲ ਕਰ ਦਿੱਤਾ ਗਿਆ ।
- ਇਸੇ ਕਰਕੇ ਇਸ ਜਗ੍ਹਾਂ ਦਾ ਨਾਮ ਕਤਲਗੜ੍ਹੀ ਪੈ ਗਿਆ , ਇਸ ਤੋ ਬਾਅਦ ਬੰਦਾ ਬਹਾਦਰ ਨੇ ਮੁਖਲਿਸਪੁਰ ਤੇ ਕਬਜਾ ਕਰ ਲਿਆ ਅਤੇ ਉੱਥੇ ਲੋਹਗੜ੍ਹ ਨਾਂ ਦਾ ਇੱਕ ਕਿਲ੍ਹਾ ਬਣਾਇਆ ।



# ਚੱਪੜ ਚਿੜੀ ( ਸਰਹੰਦ ) ਦੀ ਲੜਾਈ

- ਬੰਦਾ ਸਿੰਘ ਬਹਾਦਰ ਨੇ ਸਰਹੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਵਿਰੁੱਧ ਜ਼ੋਰਦਾਰ ਹਮਲਾ ਕਰਨ ਦੀ ਸਕੀਮ ਬਣਾਈ । ਕਿਉਂਕਿ ਉਸਨੇ ਗੁਰੂ ਗੋਬਿੰਦ ਸਿੰਘ ਅਤੇ ਉਹਨਾਂ ਦੇ ਪਰਿਵਾਰ ਉੱਪਰ ਬਹੁਤ ਜੁਲਮ ਕੀਤੇ ਸਨ ।
- ਵਜੀਰ ਖਾਂ ਨੇ ਛੋਟੇ ਸਾਹਿਬਜਾਦਿਆ ਨੂੰ ਕੰਧ ਵਿੱਚ ਚਿਣਵਾ ਕੇ ਸ਼ਹੀਦ ਕਰਵਾ ਦਿੱਤਾ ਸੀ, ਵੱਡੇ ਸਾਹਿਬਜਾਦੇ ਵੀ ਵਜੀਰ ਖਾਂ ਦੀ ਸੈਨਾ ਨਾਲ ਲੜਦੇ ਸ਼ਹੀਦ ਹੋਏ ਸੀ ਅਤੇ ਇਸੇ ਦੇ ਦੁਆਰਾ ਭੇਜੇ ਗਏ ਪਠਾਣ ਨੇ ਗੁਰੂ ਗੋਬਿੰਦ ਸਿੰਘ ਨੂੰ ਛੁਰੇ ਨਾਲ ਜਖਮੀ ਕਰਕੇ ਸ਼ਹੀਦ ਕਰ ਦਿੱਤਾ ਸੀ ।
- ਇਹ ਲੜਾਈ ਸਰਹੰਦ ਤੋ ਦਸ ਮੀਲ ਦੂਰੀ ਤੇ ਚੱਪੜਚਿੜੀ ਦੇ ਸਥਾਨ ਤੇ 22 ਮਈ 1710 ਈ: ਨੂੰ ਹੋਈ । ਇਸ ਲੜਾਈ ਵਿੱਚ ਸਿੱਖ ਬਹੁਤ ਜੋਸ਼ ਨਾਲ ਲੜੇ ਅਤੇ ਵਿਸ਼ਾਲ ਮੁਗ਼ਲ ਸੈਨਾ ਨੂੰ ਹਰਾ ਦਿੱਤਾ ।



# ਚੱਪੜ ਚਿੜੀ ( ਸਰਹੰਦ ) ਦੀ ਲੜਾਈ

- ਇਸ ਲ਼ੜਾਈ ਵਿੱਚ ਬਾਜ ਸਿੰਘ ਅਤੇ ਫਤਿਹ ਸਿੰਘ ਨਾਮ ਦੇ ਸਿੱਖ ਸੈਨਿਕਾਂ ਨੇ ਵਜੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਅਤੇ ਉਸਦੀ ਲਾਸ਼ ਨੂੰ ਦਰੱਖ਼ਤ ਨਾਲ ਟੰਗ ਦਿੱਤਾ ਗਿਆ ।
- ਵਜੀਰ ਖਾਂ ਦੇ ਇੱਕ ਅਧਿਕਾਰੀ ਸੁੱਚਾ ਨੰਦ ਜਿਸਨੇ ਛੋਟੇ ਸਾਹਿਬਜਾਦਿਆ ਦੀ ਸ਼ਹੀਦੀ ਲਈ ਵਜੀਰ ਖਾਂ ਨੂੰ ਭੜਕਾਇਆ ਸੀ, ਨੂੰ ਨੱਕ ਵਿੱਚ ਨਕੇਲ ਪਾ ਕੇ ਸਰਹੰਦ ਦੇ ਬਜਾਰ ਵਿੱਚ ਘੁਮਾਇਆ ਗਿਆ ਅਤੇ ਫਿਰ ਮਾਰ ਦਿੱਤਾ ਗਿਆ ।
- ਇਸ ਜਿੱਤ ਨਾਲ ਸਿੱਖਾਂ ਦਾ ਹੌਸਲਾ ਬਹੁਤ ਵੱਧ ਗਿਆ ।ਪਹਿਲੇ ਅਜਾਦ ਸਿੱਖ ਰਾਜ ਦੀ ਸ਼ੁਰੂਆਤ ਹੋਈ ਅਤੇ ਕਰਨਾਲ ਤੋਂ ਲੁਧਿਆਣਾ ਤਕ ਦੇ ਸਾਰੇ ਇਲਾਕੇ ਸਿੱਖਾਂ ਦੇ ਅਧੀਨ ਹੋ ਗਏ ਸਨ ।
- ਇਸ ਲੜਾਈ ਤੋ ਬਾਅਦ ਬੰਦਾ ਸਿੰਘ ਬਹਾਦਰ ਨੇ ਮੁਖਲਿਸਪੁਰ ਨੂੰ ਆਪਣੀ ਰਾਜਧਾਨੀ ਬਣਾ ਲਿਆ ।



# ਬੰਦਾ ਬਹਾਦਰ ਦੀਆ ਸੈਨਿਕ ਸਫਲਤਾਵਾਂ

- ਇਸ ਸਭ ਤਿ ਇਲਾਵਾ ਬੰਦਾ ਸਿੰਘ ਬਹਾਦਰ ਨੇ ਜਲੰਧਰ ਦੁਆਬ ਅਤੇ ਮਾਝਾ ਖੇਤਰ ਦੇ ਇਲਾਕੇ ਅੰਮ੍ਰਿਤਸਰ, ਬਟਾਲਾ, ਕਲਾਨੌਰ ਅਤੇ ਪਠਾਨਕੋਟ ਤੇ ਵੀ ਆਪਣਾ ਅਧਿਕਾਰ ਕੀਤਾ ।

- ਬੰਦਾ ਸਿੰਘ ਬਹਾਦਰ ਨੇ ਪਹਾੜੀ ਇਲਾਕੇ ਜਿਵੇਂ ਮੰਡੀ, ਕੁੱਲੂ ਅਤੇ ਚੰਬਾ ਦੀਆਂ ਰਿਆਸਤਾ ਨੂੰ ਤੋ ਵੀ ਆਪਣੀ ਅਧੀਨਤਾ ਸਵੀਕਾਰ ਕਰਵਾਈ ।

- ਜਦੋ 1712 ਈ: ਵਿੱਚ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਦੀ ਮੌਤ ਤੋ ਬਾਅਦ ਫਰੁੱਖਸ਼ੀਅਰ ਦਿੱਲੀ ਦਾ ਨਵਾਂ ਸ਼ਾਸਕ ਬਣਦਾ ਹੈ ਤਾਂ ਉਹ ਬੰਦਾ ਸਿੰਘ ਬਹਾਦਰ ਦੀ ਸ਼ਕਤੀ ਨੂੰ ਸਮਾਪਤ ਕਰਨ ਲਈ ਆਪਣੇ ਯਤਨ ਵਧਾ ਦਿੰਦਾ ਹੈ

- ਉਸਨੇ ਕਸ਼ਮੀਰ ਦੇ ਸੂਬੇਦਾਰ ਓਬਦੁੱਸਮਦ ਖਾਂ ਨੂੰ ਲਾਹੌਰ ਦਾ ਸੂਬੇਦਾਰ ਬਣਾ ਕੇ ਉਸਨੂੰ ਸਿੱਖਾਂ ਦੀ ਸ਼ਕਤੀ ਨੂੰ ਸਮਾਪਤ ਕਰਨ ਦਾ ਹੁਕਮ ਦਿੱਤਾ ।



# ਗੁਰਦਾਸ ਨੰਗਲ ਦੀ ਲੜਾਈ

- ਇਹ ਬੰਦਾ ਬਹਾਦਰ ਸਿੰਘ ਦੇ ਦੁਆਰਾ ਲੜੀ ਜਾਣ ਵਾਲੀ ਉਸਦੀ ਆਖਰੀ ਲੜਾਈ ਸੀ ।
- ਬੰਦਾ ਸਿੰਘ ਬਹਾਦਰ ਨੂੰ ਗੁਰਦਾਸ ਨੰਗਲ ਵਿੱਚ ਲਾਲਾ ਦੁਨੀ ਚੰਦ ਦੀ ਕਿਲ੍ਹਾਨੁਮਾ ਹਵੇਲੀ ਵਿੱਚ ਅਪ੍ਰੈਲ 1715 ਈ: ਵਿੱਚ ਵਿਸ਼ਾਲ ਮੁਗਲ ਸੈਨਾ ਘੇਰ ਲਿਆ ਜਾਂਦਾ ਹੈ ।
- ਇਹ ਘੇਰਾਬੰਦੀ 8 ਮਹੀਨੇ ਤੱਕ ਰਹੀ, ਇਸ ਕਾਰਨ ਸਿੱਖਾਂ ਨੂੰ ਰਸਦ ਦੀ ਕਮੀ ਹੋਣ ਕਾਰਨ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ।
- ਭਾਈ ਵਿਨੋਦ ਸਿੰਘ ਇਸ ਸਮੇਂ ਆਪਣੇ ਸਾਥੀਆ ਨਾਲ ਹਵੇਲੀ ਵਿੱਚੋ ਚਲੇ ਗਏ , ਪਰ ਬੰਦਾ ਸਿੰਘ ਬਹਾਦਰ ਦੁਸ਼ਮਣਾਂ ਦਾ ਸਾਹਮਣਾ ਕਰਦੇ ਰਹੇ ।ਇਸ ਲੜਾਈ ਵਿੱਚ 8000 ਦੇ ਲਗਭਗ ਸਿੱਖ ਮਾਰੇ ਗਏ ।
- 7 ਦਸੰਬਰ 1715 ਈ: ਵਿੱਚ ਹਵੇਲੀ ਤੇ ਮੁਗਲਾਂ ਦਾ ਕਬਜਾ ਹੋ ਗਿਆ । ਬੰਦਾ ਸਿੰਘ ਬਹਾਦਰ ਦੇ ਨਾਲ 794 ਹੋਰ ਸਿੱਖਾਂ ਨੂੰ ਵੀ ਕੈਦ ਕਰ ਲਿਆ ਗਿਆ ।

# ਬੰਦਾ ਸਿੰਘ ਬਹਾਦਰ ਅਤੇ ਸਾਥੀ ਸਿੱਖਾਂ ਦੀ ਸ਼ਹੀਦੀ

- 5 ਮਾਰਚ 1716 ਈ: ਤੋ ਹਰ ਰੋਜ ਕੋਤਵਾਲੀ ਦਿੱਲੀ 100-100 ਸਿੱਖਾਂ ਨੂੰ ਸ਼ਹੀਦ ਕੀਤਾ ਜਾਣ ਲੱਗਾ, ਪਰ ਕੋਈ ਵੀ ਸਿੱਖ ਮੁਸਲਮਾਨ ਬਣਨਾ ਨਾ ਮਨਜ਼ੂਰ ਕੀਤਾ ।
- 19 ਜੂਨ 1716 ਈ: ਨੂੰ ਬੰਦਾ ਸਿੰਘ ਬਹਾਦਰ ਨੂੰ ਇਸਲਾਮ ਸਵਿਕਾਰ ਕਰਨ ਲਈ ਕਿਹਾ ਗਿਆ , ਬੰਦਾ ਸਿੰਘ ਬਹਾਦਰ ਦੇ ਇਨਕਾਰ ਕਰਨ ਤੇ ਉਸਦੇ ਪੁੱਤਰ ਅਜੈ ਸਿੰਘ ਨੂੰ ਉਸਦੇ ਸਾਹਮਣੇ ਸ਼ਹੀਦ ਕਰਕੇ ਉਸਦਾ ਕਲੇਜੇ ਦਾ ਮਾਸ ਬੰਦਾ ਸਿੰਘ ਬਹਾਦਰ ਦੇ ਮੂੰਹ ਵਿੱਚ ਪਾਇਆ ਗਿਆ ।
- ਪਰ ਬੰਦਾ ਸਿੰਘ ਬਹਾਦਰ ਨਾ ਡੋਲਿਆ , ਅੰਤ ਬੰਦਾ ਸਿੰਘ ਬਹਾਦਰ ਨੂੰ ਬਹੁਤ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ ।

